ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14.9.2006 ਅਧੀਨ ਮੈਸ. ਮੈਲਬਰੋਸ ਇੰਟਰਨੈਸ਼ਨਲ (ਪ੍ਰਾ) ਲਿਮਟਿਡ, ਵੱਲੋਂ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮੰਨਸੂਰਵਾਲ, ਤਹਿਸ਼ੀਲ ਜ਼ੀਰਾ, ਜਿਲਾ ਫਿਰੋਜ਼ਪੁਰ ਵਿਖੇ ਸਥਿਤ ਹੈ, ਵਿਖੇ ਤਜਵੀਜਤ ਯੂਨਿਟ ਨੰ: II ਸਥਾਪਿਤ ਕਰਨ ਲਈ ਵਾਧੇ ਲਈ ਵਾਤਾਵਰਣ ਕਲੀਅਰੈਂਜ਼ਸ ਲੈਣ ਲਈ ਦਿੱਤੀ ਗਈ ਅਰਜੀ ਦੇ ਸਬੰਧ ਵਿਚ ਬੁਲਾਈ ਲੋਕ ਸੁਣਵਾਈ ਮਿਤੀ 04.05.2016 ਦੀ ਕਾਰਵਾਈ

ਇਸ ਪ੍ਰੋਸੀਡਿੰਗ ਦੀ ਦੇਖ ਰੇਖ ਲਈ ਹੇਠ ਲਿਖੇ ਅਧਿਕਾਰੀ ਮੌਜੂਦ ਸਨ

1. ਸ੍ਰੀ ਵਿਮਲ ਕੁਮਾਰ ਸੇਤੀਆ,
ਵਧੀਕ ਡਿਪਟੀ ਕਮਿਸ਼ਨਰ,
ਫਿਰੋਜ਼ਪੁਰ ।

2. ਇੰਜ: ਰਾਜੀਵ ਸ਼ਰਮਾਂ,
ਵਾਤਾਵਰਣ ਇੰਜੀਨੀਅਰ (ਮੈਗਾ),
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਪਟਿਆਲਾ ।

3 ਇੰਜੀ. ਰਾਮਜੀ ਦਾਸ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ, ਫਰੀਦਕੋਟ।

ਵਾਤਾਵਰਣ ਇੰਜੀਨੀਅਰ (ਮੈਗਾ) ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ ਨੇ ਮੈਸ. ਮੈਲਬਰੋਸ ਇੰਟਰਨੈਸ਼ਨਲ (ਪ੍ਰਾ) ਲਿਮਟਿਡ, ਪਿੰਡ ਮੰਨਸੂਰਵਾਲ, ਤਹਿਸ਼ੀਲ ਜ਼ੀਰਾ, ਜਿਲਾ ਫਿਰੋਜ਼ਪੁਰ ਦੀ ਅਰਜੀ ਤੇ ਬੁਲਾਈ ਲੋਕ ਸੁਣਵਾਈ ਦੀ ਪ੍ਰਧਾਨਗੀ ਅਤੇ ਨਿਗਰਾਨੀ ਕਰਨ ਆਏ ਅਫਸਰਾਂ ਦਾ ਅਤੇ ਇਸ ਲੋਕ ਸੁਣਵਾਈ ਵਿੱਚ ਹਾਜਰ ਹੋਏ ਨੇੜਲੇ ਪਿੰਡਾਂ ਦੇ ਲੋਕਾਂ ਦਾ ਸਵਾਗਤ ਕੀਤਾ । ਉਨ੍ਹਾਂ ਨੇ ਦੱਸਿਆ ਕਿ ਮੈਸ. ਮੈਲਬਰੋਸ ਇੰਟਰਨੈਸ਼ਨਲ (ਪ੍ਰਾ) ਲਿਮਟਿਡ, ਨੇ ਭਾਰਤ ਸਰਕਾਰ ਦੇ ਵਾਤਾਵਰਣ ਅਤੇ ਜੰਗਲਾਤ ਮੰਤਰਾਲਾ ਨੂੰ ਈ.ਆਈ.ਏ. ਨੋਟੀਫਿਕੇਸ਼ਨ ਨੰਬਰ 1533 (ਈ) ਮਿਤੀ 14.9.2006 ਦੇ ਤਹਿਤ ਆਪਣੇ ਮੋਜੂਦਾ ਪਲਾਂਟ ਜੋ ਕਿ ਪਿੰਡ ਮੰਨਸੂਰਵਾਲ, ਤਹਿਸ਼ੀਲ ਜ਼ੀਰਾ, ਜਿਲਾ ਫਿਰੋਜ਼ਪੁਰ ਵਿਖੇ ਸਥਿਤ ਹੈ, ਵਿੱਚ ਮੋਜੂਦਾ ਯੂਨਿਟ ਦੇ ਨਾਲ ਯੂਨਿਟ ਨੰ: II ਜਿਸ ਵਿੱਚ ਇਥਨੋਲ/ ਈ.ਐਨ.ਏ/ ਆਰ.ਐਸ./ ਉਦਯੋਗਿਕ ਐਲਕੋਹਲ ਪਲਾਂਟ {500 KLPD (2x250 KLPD)}, ਬਿਜਲੀ ਉਤਪਾਦਨ ਪਲਾਂਟ {40 MW (2x20 MW)}, ਕਾਰਬਨ ਡਾਈਆਕਸਾਈਡ ਪਲਾਂਟ {225 TPD (2x112.5 TPD)} ਅਤੇ ਡੀ.ਡੀ.ਜੀ.ਐਸ/ ਪਸ਼ੂ ਫੀਡ/ ਪੋਲਟਰੀ ਫੀਡ {300 TPD (2x150 TPD)} ਬਣਦੀਆਂ ਹਨ। ਐਮ.ਓ.ਈ.ਐਫ. ਵਲੋਂ ਸਨਅਤ ਦੀ ਅਰਜ਼ੀ ਵਿਚਾਰਣ ਉਪਰੰਤ ਡਰਾਫਟ ਈ.ਆਈ.ਏ. ਸਟੱਡੀ ਰਿਪੋਰਟ ਤਿਆਰ ਕਰਨ ਲਈ ਸਨਅਤ ਨੂੰ ਟਰਮਜ਼ ਆਫ ਰੈਫਰੇਂਸ਼ ਜਾਰੀ ਕੀਤੇ ਸਨ । ਹੁਣ ਸਨਅਤ ਵਲੋਂ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14.9.2006 ਅਧੀਨ ਤੈਅ ਵਿਧੀ ਅਨੁਸਾਰ ਜਨਤਕ ਸੁਣਵਾਈ ਕਰਵਾਉਣ ਲਈ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਕੋਲ ਡਰਾਫਟ ਈ.ਆਈ.ਏ ਰਿਪੋਰਟ ਜਮਾਂ

ਕਰਵਾਈ ਹੈ । ਵਾਤਾਵਰਣ ਇੰਜੀਨੀਅਰ (ਮੈਗਾ) ਨੇ ਹਾਜਰ ਜਨਤਾ ਨੂੰ ਸਨਅਤ ਵਲੋਂ ਦੱਸੀ ਗਈ ਜਗ੍ਹਾਂ ਤੇ ਵਾਧਾ ਕਰਨ ਲਈ ਉਪਰੋਕਤ ਦਰਸਾਈ ਕਲੀਅਰੈਂਸ ਲੈਣ ਵਾਸਤੇ ਜਮਾਂ ਕਰਵਾਈ ਗਈ ਅਰਜ਼ੀ ਤੇ ਫੈਸਲਾ ਲੈਣ ਤੋਂ ਪਹਿਲਾਂ ਲੋਕ ਸੁਣਵਾਈ ਕਰਨ ਦੀ ਜਰੂਰਤ ਬਾਰੇ ਦੱਸਿਆ । ਉਹਨਾਂ ਦੱਸਿਆ ਕਿ ਸਾਰੀ ਕਾਰਵਾਈ ਦੀ ਵੀਡਿਉਗ੍ਰਾਫੀ ਕੀਤੀ ਗਈ। ਉਹਨਾਂ ਇਹ ਗੱਲ ਵੀ ਲੋਕਾਂ ਦੇ ਧਿਆਨ ਵਿੱਚ ਲਿਆਂਦੀ ਕਿ ਇੰਡਸਟਰੀ ਨੇ ਡਰਾਫਟ ਈ.ਆਈ.ਏ. ਰਿਪੋਰਟ ਦੀਆਂ ਨਕਲਾਂ ਸਮੇਤ ਕਾਰਜਕਾਰੀ ਸਾਰ ਪੰਜਾਬ ਪ੍ਰਦੂਸਣ ਰੋਕਥਾਮ ਬੋਰਡ ਦੇ ਦਫਤਰ ਵਿੱਚ ਦਾਖਿਲ ਕਰਵਾਏ ਸਨ, ਜਿਹਨਾਂ ਦੀ ਇਕ-ਇਕ ਕਾਪੀ ਦਫ਼ਤਰ ਡਿਪਟੀ ਕਮਿਸ਼ਨਰ, ਫਿਰੋਜ਼ਪੁਰ, ਜਿਲ੍ਹਾ ਪਰੀਸ਼ਦ, ਫਿਰੋਜ਼ਪੁਰ, ਜਨਰਲ ਮੈਨੇਜਰ, ਜਿਲਾ ਇੰਡਸਟਰੀਅਲ ਸੈਂਟਰ, ਫਿਰੋਜ਼ਪੁਰ, ਕਾਰਜਕਾਰੀ ਅਫ਼ਸਰ, ਮਿਊਂਸੀਪਲ ਕੋਂਸਲ, ਫਿਰੋਜ਼ਪੁਰ, ਖੇਤਰੀ ਦਫ਼ਤਰ ਐਮ.ਓ.ਈ.ਐਫ., ਚੰਡੀਗੜ੍ਹ ਅਤੇ ਕਾਰਜਕਾਰੀ ਇੰਜੀਨੀਅਰ, ਖੇਤਰੀ ਦਫਤਰ, ਪੰਜਾਬ ਪ੍ਰਦੂਸਣ ਕੰਟਰੋਲ ਬੋਰਡ, ਫਰੀਦਕੋਟ ਵਿਖੇ ਰੱਖੀ ਗਈ ਸੀ, ਤਾਂ ਜੋ ਉੱਥੇ ਪਬਲਿਕ (ਜਨਤਾ) ਅਤੇ ਹੋਰ ਤੱਲਕਦਾਰ ਇਹ ਕਾਗਜ ਪੱਤਰ ਵੇਖ ਸਕਣ । ਉਹਨਾਂ ਇਹ ਵੀ ਕਿਹਾ ਕਿ ਇਸ ਜਨਤਕ ਸੁਣਵਾਈ ਦੀ ਖਬਰ ਦੋ ਮਹੱਤਵਪੂਰਨ ਅਖਬਾਰਾਂ ਅਰਥਾਤ ਦੀ ਟ੍ਰਿਬਿਊਨ, (ਅੰਗਰੇਜੀ ਰੋਜਾਨਾ) ਵਿੱਚ ਅਤੇ ਅਜ਼ੀਤ (ਪੰਜਾਬੀ) ਵਿੱਚ ਮਿਤੀ 03.04.2016 ਨੂੰ ਪ੍ਰਕਾਸ਼ਿਤ ਕੀਤੀ ਗਈ ਸੀ ਤਾਂ ਜੋ ਜਨਤਾ ਨੂੰ ਇਸ ਸੁਣਵਾਈ ਦੀ ਥਾਂ, ਮਿਤੀ ਅਤੇ ਸਮੇਂ ਦਾ ਪਤਾ ਲੱਗ ਜਾਵੇ ਅਤੇ ਜਨਤਾ ਨੂੰ ਇਹ ਵੀ ਪਤਾ ਲੱਗ ਜਾਵੇ ਕਿ ਈ.ਆਈ.ਏ. ਰਿਪੋਰਟ ਦਾ ਖਰੜਾ ਅਤੇ ਕਾਰਜਕਾਰੀ ਰਿਪੋਰਟ ਦਾ ਸਾਰ ਕਿਸ ਦਫਤਰ ਵਿੱਚ ਸੁਣਵਾਈ ਤੋਂ ਪਹਿਲਾਂ ਵੇਖਿਆ ਜਾ ਸਕਦਾ ਹੈ। ਇਸ ਲੋਕ ਸੁਣਵਾਈ ਦੌਰਾਨ 172 ਲੋਕਾਂ ਵਲੋਂ ਸ਼ਿਰਕਤ ਕੀਤੀ ਗਈ ਅਤੇ ਉਹਨਾਂ ਨੇ ਆਪਣੀ ਮੋਜ਼ੂਦਗੀ ਹਾਜ਼ਰੀ ਰਜ਼ਿਸਟਰ ਵਿੱਚ ਦਰਜ ਕੀਤੀ। ਇਸ ਉਪਰੰਤ ਉਹਨਾਂ ਪ੍ਰੋਮੋਟਰ ਕੰਪਨੀ ਦੇ ਨੁਮਾਇੰਦੇ ਸ੍ਰੀ ਸਤੀਸ਼ ਸੂਦ ਜ਼ੋ ਕਿ ਸਨਅਤ ਦੇ ਡਾਇਰੈਕਟਰ ਹਨ ਨੂੰ ਕਿਹਾ ਕਿ ਉਹ ਆਪਣੇ ਪ੍ਰੋਜੈਕਟ ਬਾਰੇ ਅਤੇ ਖਰੜਾ ਈ.ਆਈ.ਏ. ਰਿਪੋਰਟ ਬਾਰੇ ਲੋਕਾਂ ਨੂੰ ਵਿਸਥਾਰ ਰੂਪ ਵਿੱਚ ਦੱਸਣ।

ਸ੍ਰੀ ਸਤੀਸ਼ ਸੂਦ, ਸਨਅਤ ਦੇ ਡਾਇਰੈਕਟਰ ਨੇ ਜਨਤਾ ਨੂੰ ਪ੍ਰੋਜੈਕਟ ਬਾਰੇ ਵਿਸਥਾਰ ਹੇਠ ਲਿਖੇ ਅਨੁਸਾਰ ਬਿਆਨ ਕੀਤਾ:

1) **ਪ੍ਰਸਤਾਵਿਤ ਪ੍ਰੋਜੈਕਟ ਯੂਨਿਟ**-II ਵਿੱਚ ਉਤਪਾਦ ਗਤੀਵਿਧੀਆਂ ਜਿਸ ਵਿੱਚ 500 ਕੇ.ਐਲ.ਡੀ. ਇਥਨੋਲ/ ਈ.ਐਨ.ਏ/ ਆਰ.ਐਸ./ ਉਦਯੋਗਿਕ ਐਲਕੋਹਲ ਪਲਾਂਟ, 40 ਮੈਗਾਵਾਟ ਬਿਜਲੀ ਸਹਿ ਉਤਪਾਦਨ ਪਲਾਂਟ {40 MW (2x20 MW)}, ਕਾਰਬਨ ਡਾਈਆਕਸਾਈਡ ਪਲਾਂਟ ਅਤੇ 300 ਟੀ.ਪੀ.ਡੀ. ਡੀ.ਡੀ.ਜੀ.ਐਸ/ ਪਸ਼ੂ ਫੀਡ/ ਪੋਲਟਰੀ ਫੀਡ {300 TPD (2x150 TPD)} ਬਣਨਗੀਆਂ ਦੀ **ਲੋਕ ਸੁਣਵਾਈ ਅੱਜ ਰੱਖੀ ਹੈ।**
2) **ਉਪਰੋਕਤ ਗਤੀਵਿਧੀਆਂ ਤੋਂ ਨਿਕਲਿਆ ਇਥਨੋਲ ਪੈਟਰੋਲ ਵਿੱਚ ਮਿਲਾਇਆ ਜਾਵੇਗਾ ਅਤੇ ਕਾਰਜ ਹੋਣ ਤੋਂ ਬਾਅਦ ਬਚੀ ਬਿਜਲੀ ਪਾਵਰ ਗਰਿਡ ਨੂੰ ਦਿੱਤੀ ਜਾਵੇਗੀ।**
3) **ਨਵਾਂ ਯੂਨਿਟ ਲੱਗਣ ਨਾਲ ਨੇੜਲੇ ਇਲਾਕੇ ਦੇ ਰਹਿਣ ਵਾਲੇ ਲੋਕਾਂ ਦਾ ਆਰਥਿਕ ਪੱਖੋਂ ਵਿਕਾਸ ਹੋਵੇਗਾ ਕਿਉਂਜ਼ੋ ਇਸ ਦੇ ਲੱਗਣ ਨਾਲ ਤਕਰੀਬਨ 800 ਲੋਕਾਂ ਨੂੰ ਰੁਜ਼ਗਾਰ ਮਿਲੇਗਾ। ਇਸ ਪ੍ਰੋਜੈਕਟ ਲਈ ਅਨਾਜ਼ ਜ਼ੋ ਕਿ ਨੱਕੂ, ਕਿਣਕੀ, ਮੱਕੀ, ਬਾਜ਼ਰਾ, ਜਵਾਰ ਆਦਿ ਕੱਚੇ ਮਾਲ ਦੇ ਤੌਰ ਤੇ ਵਰਤੇ ਜਾਣਗੇ।**

4) ਝੋਨੇ ਦਾ ਛਿਲਕਾ ਅਤੇ ਪਰਾਲੀ ਬੱਾਇਲਰ ਵਿੱਚ ਜੈਵਿਕ ਇੰਧਨ ਦੇ ਤੌਰ ਤੇ ਵਰਤੇ ਜਾਣਗੇ। ਜ਼ੋ ਕਿ ਵਾਤਾਵਰਣ ਹਿਤੇਸ਼ੀ ਇੰਧਨ ਹੈ। ਨਾਲ ਹੀ ਇੱਕ ਕਿੱਲੇ ਜ਼ਮੀਨ ਵਿੱਚੋਂ 50 ਕੁਇੰਟਲ ਝੋਨੇ ਦੀ ਪਰਾਲੀ ਯੂਨਿਟ ਦੁਆਰਾ 5000 ਤੋਂ 7000 ਪ੍ਰਤੀ ਕਿੱਲਾ ਖਰੀਦੀ ਜਾਵੇਗੀ । ਇਹ ਪ੍ਰੋਜੈਕਟ 'ਜ਼ੀਰੋ ਐਫੂਲੈਂਟ ਡਿਸਚਾਰਜ਼' ਤੇ ਅਧਾਰਿਤ ਹੋਵੇਗਾ।
5) ਪ੍ਰਸਤਾਵਿਤ ਬੱਾਇਲਰਸ ਨਾਲ ਈ.ਐਸ.ਪੀ ਹਵਾ ਪ੍ਰਦੂਸ਼ਣ ਰੋਕਥਾਮ ਯੰਤਰ ਦੇ ਤੌਰ ਤੇ ਵਰਤੇ ਜਾਣਗੇ। ਗਤੀਵਿਧੀਆਂ ਵਿਚੋਂ ਨਿਕਲਣ ਵਾਲੇ ਵਾਧੂ ਠੋਸ ਪਦਾਰਥ ਜ਼ੋ ਕਿ ਰੇਸ਼ੇਦਾਰ ਅਤੇ ਪ੍ਰੋਟੀਨ ਯੁਕਤ ਉਤਪਾਦ (ਡੀ.ਡੀ.ਜੀ.ਐਸ) ਹੋਵੇਗਾ ਇਸਨੂੰ ਮਵੇਸ਼ੀਆਂ/ ਮੁਰਗੀਆਂ /ਮੱਛੀਆਂ ਆਦਿ ਦੇ ਆਹਾਰ ਦੇ ਤੌਰ ਤੇ ਵਰਤਿਆ ਜਾਵੇਗਾ।
6) ਪਲਾਂਟ ਤੋਂ ਹੋਣ ਵਾਲੀ ਆਮਦਨ ਵਿਚੋਂ 14.57 ਕਰੋੜ ਰੁਪਏ ਨੇੜਲੇ ਇਲਾਕੇ ਵਿੱਚ ਸੀ.ਐਸ.ਆਰ ਕੰਮਾਂ ਲਈ ਵਰਤਿਆਂ ਜਾਵੇਗਾ।
7) ਪ੍ਰੋਜੈਕਟ ਪ੍ਰੋਮੋਟਰ ਪ੍ਰਸਤਾਵਿਤ ਪ੍ਰੋਜੈਕਟ ਨੂੰ ਸਫਲਤਾ ਪੂਰਵਕ ਲਗਾਉਣ ਦੇ ਇੱਛੁਕ ਹਨ ਤਾਂ ਜ਼ੋ ਨੇੜਲੇ ਇਲਾਕੇ ਅਤੇ ਇਲਾਕੇ ਵਾਸੀਆਂ ਨੂੰ ਆਰਥਿਕ ਪੱਖੋਂ ਵਿਕਸਿਤ ਕਰਕੇ ਖੁਸ਼ਹਾਲੀ ਨੂੰ ਵਧਾਇਆ ਜਾ ਸਕੇ।
8) ਇਸ ਨੂੰ ਮੁੱਖ ਆਧਾਰ ਰੱਖਦੇ ਹੋਏ, ਨਵਾਂ ਯੂਨਿਟ ਲਗਾਉਣ ਲਈ ਇਲਾਕੇ ਵਾਸੀਆਂ ਦੀ ਸਹਿਮਤੀ ਅਤੇ ਸਹਿਯੋਗ ਚਾਹੁੰਦੇ ਹਨ ਤਾਂ ਜ਼ੋ ਇਹ ਪਲਾਂਟ ਵਾਤਾਵਰਣ ਹਿਤੇਸ਼ੀ ਯੰਤਰਾਂ ਨਾਲ ਲਗਾਇਆ ਜਾ ਸਕੇ।

ਇਸ ਤੋਂ ਪਿੱਛੋਂ ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕ ਸੁਣਵਾਈ ਦੋਰਾਣ ਮੋਜੂਦ ਲੋਕਾਂ ਨੂੰ ਦੱਸਿਆ ਕਿ ਈ.ਆਈ.ਏ. ਦੇ ਨੋਟੀਫਿਕੇਸਨ ਮਿਤੀ 14.9.2006 ਦੇ ਮੁਤਾਬਿਕ ਮੌਕੇ ਤੇ ਮੌਜੂਦ ਲੋਕ ਪ੍ਰੋਜੈਕਟ ਪ੍ਰੋਮੋਟਰ ਕੋਲੋ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ /ਸਪਸ਼ਟੀਕਰਨ ਹਾਸਲ ਕਰ ਸਕਦੇ ਹਨ। ਇਹ ਵੀ ਮੌਕੇ ਤੇ ਮੌਜੂਦ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਉਹਨਾਂ ਵੱਲੋਂ ਮੰਗੀ ਗਈ ਜਾਣਕਾਰੀ /ਸਪਸ਼ਟੀਕਰਨ ਅਤੇ ਪ੍ਰੋਜੈਕਟ ਲਗਾਉਣ ਵਾਲੇ ਵੱਲੋਂ ਦਿੱਤੇ ਜਵਾਬ ਕਾਰਵਾਈ ਵਿੱਚ ਦਰਜ ਕੀਤੇ ਜਾਣਗੇ। ਇਹ ਕਾਰਵਾਈ ਐਮ.ਓ.ਈ.ਐਫ., ਦਿੱਲੀ ਨੂੰ ਇਸੇ ਤਰਾਂ ਅਗਲੇਰੀ ਕਾਰਵਾਈ ਕਰਨ ਲਈ ਭੇਜੀ ਜਾਵੇਗੀ । ਇਸ ਲਈ ਉਹਨਾਂ ਲੋਕਾਂ ਨੂੰ ਗੁਜਾਰਿਸ ਕੀਤੀ ਕਿ ਉਹ ਇੱਕ-ਇੱਕ ਕਰਕੇ ਪ੍ਰੋਜੈਕਟ ਬਾਰੇ ਜਾਣਕਾਰੀ ਜਾਂ ਸਪੱਸ਼ਟੀਕਰਣ ਮੰਗ ਸਕਦੇ ਹਨ । ਉਹਨਾਂ ਇਹ ਵੀ ਦੱਸਿਆ ਕਿ ਹੁਣ ਤੀਕ ਪ੍ਰੋਜੈਕਟ ਬਾਰੇ ਲਿਖਤੀ ਰੂਪ ਵਿੱਚ ਜਾਣਕਾਰੀ, ਟਿੱਪਣੀ, ਕੋਈ ਸੁਝਾਅ, ਇਤਰਾਜ ਜਾਂ ਰਾਏ ਜਨਤਾ ਵੱਲੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਨੂੰ ਨਹੀਂ ਮਿਲੇ ਹਨ।

ਇਸ ਤੋਂ ਪਿੱਛੋਂ ਮੌਕੇ ਤੇ ਮੌਜੂਦ ਲੋਕਾਂ ਵੱਲੋਂ ਪੁੱਛੀ ਗਈ ਜਾਣਕਾਰੀ ਅਤੇ ਪ੍ਰੋਜੈਕਟ ਲਗਾਉਣ ਵਾਲਿਆਂ ਵੱਲੋਂ ਦਿੱਤੇ ਜਵਾਬ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਵਿਅਕਤੀ ਦਾ ਨਾਂ | ਸਵਾਲ/ ਬਿਆਨ/ ਸੂਚਨਾ/ ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਵਿਸਥਾਰ | ਸਵਾਲ/ ਬਿਆਨ/ ਸੂਚਨਾ/ ਸਪਸ਼ਟੀਕਰਨ ਜੋ ਮੌਕੇ ਤੇ ਮੌਜੂਦ ਵਿਅਕਤੀ ਨੇ ਮੰਗੀ ਉਸ ਦਾ ਜਵਾਬ |
|---|---|---|---|

| | | | |
|---|---|---|---|
| 1 | ਸ੍ਰੀ ਸਰਬਜੀਤ ਸਿੰਘ ਪੁੱਤਰ ਸ੍ਰੀ ਦਰਸ਼ਨ ਸਿੰਘ, ਵਾਸੀ ਜ਼ੀਰਾ, ਜਿਲ੍ਹਾ ਫਿਰੋਜ਼ਪੁਰ | ਸਨਅਤ ਵਲੋਂ ਕਿੰਨੀ ਝੋਨੇ ਦੀ ਪਰਾਲੀ ਇਸ ਇਲਾਕੇ ਤੋਂ ਖਰੀਦੀ ਜਾਵੇਗੀ ?<br><br>ਕੀ ਕੰਪਨੀ ਵਲੋਂ ਝੋਨੇ ਦੀ ਪਰਾਲੀ ਦੀ ਪੰਡ ਬਣਾਉਣ ਲਈ ਮਸ਼ੀਨਾਂ ਮੁਹੱਈਆ ਕਰਵਾਈਆਂ ਜਾਣਗੀਆ ? | ਇਹ ਮਸ਼ੀਨਾਂ ਕੀਮਤੀ ਹਨ।<br>ਕੰਪਨੀ ਵਿੱਚ ਇੱਕ ਮਸ਼ੀਨ ਉਪਲਬਧ ਹੈ ਜੋ ਕਿ ਜ਼ਿਲਾ ਬਠਿੰਡਾ ਵਿਖੇ ਚੱਲ ਰਹੀ ਹੈ। ਕਈ ਪ੍ਰਾਈਵੇਟ ਏਜੰਸੀਆਂ ਇਸ ਖੇਤਰ ਵਿੱਚ ਆਪਣੇ ਮੁਨਾਫੇ ਲਈ ਬਾਜ਼ਾਰ ਵਿੱਚ ਆਣਗੀਆ।ਆਉਣ ਵਾਲੇ ਸਮੇਂ ਵਿੱਚ ਕਈ ਹੋਰ ਕੰਪਨੀਆਂ ਦੇ ਆਉਣ ਦੀ ਸੰਭਾਵਨਾ ਹੈ ਪਰ ਉਦੋਂ ਤੱਕ ਪ੍ਰੋਮੋਟਰ ਕੰਪਨੀ ਨਿੱਜੀ ਪ੍ਰਬੰਧ ਕਰ ਲਏਗੀ। |
| 2 | ਸ੍ਰੀ ਹਰਮੀਤ ਸਿੰਘ ਪੁੱਤਰ ਸ੍ਰੀ ਬੂਟਾ ਸਿੰਘ, ਵਾਸੀ ਜ਼ੀਰਾ, ਜਿਲ੍ਹਾ ਫਿਰੋਜ਼ਪੁਰ | ਕੀ ਕੰਪਨੀ ਵਲੋਂ ਕੰਮ ਸਥਾਨਕ ਲੋਕਾਂ ਨੂੰ ਦਿੱਤਾ ਜਾਵੇਗਾ ਜਾਂ ਬਾਹਰ ਵਾਲਿਆਂ ਨੂੰ ?<br><br>ਕੀ ਕੰਪਨੀ ਦੂਜੇ ਦਰਜੇ ਦੀ ਕੁਆਲਟੀ ਦੇ ਅਨਾਜ ਦੀ ਖਰੀਦ ਕਰੇਗੀ ?<br><br>ਕੀ ਕੰਪਨੀ ਕਿਸਾਨਾਂ ਨੂੰ ਡੀ.ਡੀ.ਜੀ.ਐਸ ਸਬਸਿਡੀ ਵਾਲੀ ਕੀਮਤ ਤੇ ਪ੍ਰਦਾਨ ਕਰੇਗੀ ? | ਲਗਭਗ 800 ਕਾਮਿਆਂ ਨੂੰ ਰੁਜ਼ਗਾਰ ਦੇਣ ਦਾ ਪ੍ਰਸ਼ਤਾਵ ਹੈ।ਸਥਾਨਕ ਲੋਕਾਂ ਨੂੰ ਉਨ੍ਹਾਂ ਦੀ ਕਲਾ ਅਤੇ ਯੋਗਤਾ ਦੇ ਆਧਾਰ ਤੇ ਪਹਿਲ ਦਿੱਤੀ ਜਾਵੇਗੀ।<br><br>ਕੰਪਨੀ ਉਹ ਅਨਾਜ ਖਰੀਦੇਗੀ ਜੋ ਕਿ ਮਨੁੱਖੀ ਇਸਤੇਮਾਲ ਲਈ ਸਹੀ ਨਹੀਂ ਹੈ।<br><br>ਮੱਕੀ ਦੀ ਖਰੀਦ ਰਾਜ ਸਰਕਾਰ ਦੀ ਪਾਲਿਸੀ /ਨਿਰਦੇਸ਼ਾਂ ਦੇ ਮੁਤਾਬਿਕ ਹੋਵੇਗੀ। |
| 3 | ਸ੍ਰੀ ਜ਼ਸਬੀਰ ਸਿੰਘ ਪੁੱਤਰ ਸ੍ਰੀ ਸੁੱਚਾ ਸਿੰਘ, ਵਾਸੀ ਜ਼ੀਰਾ, ਜਿਲ੍ਹਾ ਫਿਰੋਜ਼ਪੁਰ | ਕੀ ਸਨਅਤ ਤੋਂ ਧੂੰਆਂ ਨਿਕਲੇਗਾ ? ਜੇ ਹਾਂ, ਤਾਂ ਇਸ ਦਾ ਆਸ-ਪਾਸ ਦੇ ਖੇਤਰ ਤੇ ਕੀ ਅਸਰ ਹੋਵੇਗਾ ? | ਸ੍ਰੀ ਗੋਰਵ ਸੈਨੀ, ਸੀਨੀਅਰ ਮੈਨੇਜਰ, ਜੇ.ਐਮ. ਇਨਵਾਇਰੋਨੈਟ ਦੇ ਸਲਾਹਕਾਰ ਵਲੋਂ ਦੱਸਿਆ ਗਿਆ ਕਿ ਕੇਂਦਰੀ ਪ੍ਰਦੂਸ਼ਣ ਰੋਕਥਾਮ ਬੋਰਡ ਦੀਆਂ ਗਾਈਡਲਾਈਨਜ਼ ਮੁਤਾਬਿਕ ਇਲੈਕਟ੍ਰੋਸਟੇਟਿਕ ਪ੍ਰੇਸੀਪੀਟੇਟਰ (ਈ.ਐਸ.ਪੀ.) ਲਗਾਇਆ ਜਾਵੇਗਾ ਜੋ ਕਿ ਅਣਜਲੇ ਛੋਟੇ ਤੋਂ ਛੋਟੇ ਕਣ ਖਿੱਚ ਲਵੇਗਾ। ਇਸ ਤਰ੍ਹਾਂ ਇਲਾਕੇ ਵਿੱਚ ਪ੍ਰਦੂਸ਼ਣ ਦੇ ਕਣਾਂ ਨਾਲ ਕੋਈ ਬੁਰਾ ਪ੍ਰਭਾਵ ਨਹੀਂ ਪਵੇਗਾ। |
| 4 | ਸ੍ਰੀ ਗੁਰਮੇਲ ਸਿੰਘ ਸਾਬਕਾ ਸਰਪੰਚ, ਪਿੰਡ ਮੰਨਸੂਰਵਾਲ, ਜਿਲ੍ਹਾ ਫਿਰੋਜ਼ਪੁਰ | ਕੀ ਪ੍ਰਸਤਾਵਿਤ ਸਨਅਤ ਦੇ ਚੱਲਣ ਨਾਲ ਕੋਈ ਬਦਬੂ ਦੀ ਸਮੱਸਿਆ ਹੋਵੇਗੀ ? | ਕਿਉਂ ਜੋ ਇਹ ਅਨਾਜ ਆਧਾਰਿਤ ਪ੍ਰੋਸੈਸਿੰਗ ਯੁਨਿਟ ਹੈ ਨਾ ਕਿ ਮੋਲਾਸਿਸ ਆਧਾਰਿਤ ਯੁਨਿਟ।ਇਸ ਤਰ੍ਹਾਂ ਸਨਅਤ ਦੇ ਚੱਲਣ ਨਾਲ ਕੋਈ ਬਦਬੂ ਦੀ ਸਮੱਸਿਆ ਨਹੀਂ ਹੋਵੇਗੀ। |
| 5 | ਸ੍ਰੀ ਰਾਜਵਿੰਦਰ ਸਿੰਘ ਪੁੱਤਰ ਸ੍ਰੀ ਜੰਗ ਬਹਾਦਰ, ਵਾਸੀ ਜ਼ੀਰਾ, ਜਿਲ੍ਹਾ ਫਿਰੋਜ਼ਪੁਰ | ਇਥਨੋਲ ਦੀ ਕਿੰਨੀ ਮਾਤਰਾ ਪੈਟਰੋਲ ਨਾਲ ਮਿਲਾਈ ਜਾਵੇਗੀ ਅਤੇ ਇੰਧਨ ਦੀ ਕੁਆਲਟੀ ਕੀ ਹੋਵੇਗੀ ? | ਪੈਟਰੋਲੀਅਮ ਮੰਤਰਾਲੇ ਵਲੋਂ ਨਿਰਧਾਰਿਤ ਪੈਮਾਨੇ ਮੁਤਾਬਿਕ ਇਥਨੋਲ ਨੂੰ ਪੈਟਰੋਲੀਅਮ ਉਤਪਾਦਾਂ ਵਿੱਚ ਮਿਲਾਇਆ ਜਾਵੇਗਾ ਅਤੇ ਇਹ ਭਾਰਤ ਸਰਕਾਰ ਦੀਆਂ ਏਜੰਸੀਆਂ |

| | | | |
|---|---|---|---|
| | | ਕਿਸਨੂੰ ਰੁਜ਼ਗਾਰ ਮਿਲੇਗਾ ? | ਵਲੋਂ ਖਰੀਦਿਆ ਜਾਵੇਗਾ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਸਥਾਨਕਾਂ ਲੋਕਾਂ ਨੂੰ ਉਹਨਾਂ ਦੀ ਕਲਾ ਅਤੇ ਯੋਗਤਾ ਦੇ ਹਿਸਾਬ ਨਾਲ ਰੁਜਗਾਰ ਵਿੱਚ ਪਹਿਲ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਇਲਾਕੇ ਦੇ ਵਿਕਾਸ ਲਈ ਸੀ.ਐਸ.ਆਰ. ਸੰਬੰਧੀ ਕੰਮ ਕੀਤੇ ਜਾਣਗੇ। |
| | ਸ੍ਰੀ ਜ਼ਸਪਾਲ ਸਿੰਘ ਪੰਨੂ ਪੁੱਤਰ ਸ੍ਰੀ ਜਗਦੇਵ ਸਿੰਘ ਪੰਨੂ, ਵਾਸੀ ਪਿੰਡ ਮੰਨਸੂਰਵਾਲ, ਜਿਲ੍ਹਾ ਫਿਰੋਜ਼ਪੁਰ | ਇਸ ਵੱਲੋਂ ਪ੍ਰੋਜੈਕਟ ਪ੍ਰੋਪੋਨੈਂਟ ਸ਼ੁਕਰਿਆ ਕੀਤਾ ਗਿਆ ਅਤੇ ਕਿਹਾ ਕਿ ਉਸ ਵਲੋਂ ਇਲਾਕੇ ਦੇ ਲੋਕਾਂ ਨੂੰ ਹਮੇਸ਼ਾ ਹੀ ਸਹਿਯੋਗ ਦਿੱਤਾ ਜਾਂਦਾ ਰਿਹਾ ਹੈ ਅਤੇ ਉਨਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕੀਤਾ ਗਿਆ ਹੈ। ਸਨਅਤ ਦਾ ਲੱਗਣਾ ਇਲਾਕੇ ਦੇ ਵਿਕਾਸ ਲਈ ਜ਼ਰੂਰੀ ਹੈ ਅਤੇ ਉਸ ਵੱਲੋਂ ਪ੍ਰੋਜੈਕਟ ਪ੍ਰੋਪੋਨੈਂਟ ਨੂੰ ਬੇਨਤੀ ਕੀਤੀ ਗਈ ਕਿ ਇਲਾਕੇ ਦੇ ਲੋਕਾਂ ਲਈ ਆਪਣਾ ਸਹਿਯੋਗ ਜਾਰੀ ਰੱਖਣ। | -- |
| 7 | ਸ੍ਰੀ ਸਿਮਰਨਪ੍ਰੀਤ ਸਿੰਘ ਪੁੱਤਰ ਸ੍ਰੀ ਕਨਵਰਜੀਤ ਸਿੰਘ, ਵਾਸੀ ਜ਼ੀਰਾ, ਵਿਗਿਆਨ ਦਾ ਵਿਦਿਆਰਥੀ। | ਸਨਅਤ ਤੋਂ ਕਿਸ ਕਿਸਮ ਦੇ ਰਸਾਇਣਿਕ ਰਹਿੰਦ-ਖੂਹੰਦ ਪੈਦਾ ਹੋਣਗੇ ਅਤੇ ਇਹ ਰਹਿੰਦ-ਖੂਹੰਦ ਇਸ ਤਰ੍ਹਾਂ ਸੰਭਾਲੇ ਅਤੇ ਨਿਪਟਾਏ ਜਾਣਗੇ ? | ਇਹ ਜ਼ੀਰੋ ਲੀਕਵਡ ਡਿਸਚਾਰਜ ਪਲਾਂਟ ਹੈ ਕਿਉਂਜ਼ੋ ਸਾਰਾ ਗੰਦਾ ਪਾਣੀ ਆਰ.ਓ. ਅਤੇ ਮਲਟੀਪਲ ਇਫੈਕਟ ਇਵੈਪੋਰੇਟਰ (ਐਮ.ਈ.) ਵਿੱਚ ਟਰੀਟਮੈਂਟ ਉਪਰੰਤ ਦੁਬਾਰਾ ਇਸਤੇਮਾਲ ਵਿੱਚ ਲਿਆਉਂਦਾ ਜਾਵੇਗਾ। ਐਮ.ਈ. ਵਿੱਚੋਂ ਨਿਕਲੇ ਘੋਲ ਨੂੰ ਸੈਨਟਰੀਫਿਊਜ਼ ਕਰਨ ਉਪਰੰਤ ਬਣਿਆ ਗਾੜਾ ਚਿੱਕੜ ਦੁਬਾਰਾ ਪਸ਼ੂਆਂ ਦੇ ਆਹਾਰ ਲਈ ਵਰਤਿਆ ਜਾਵੇਗਾ। ਇਸ ਤੋਂ ਇਲਾਵਾ ਕੋਈ ਵੀ ਰਸਾਇਣਿਕ ਰਹਿੰਦ-ਖੂਹੰਦ ਨਹੀਂ ਹੋਵੇਗੀ। |

ਵਾਤਾਵਰਣ ਇੰਜੀਨੀਅਰ (ਮੈਗਾ) ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਜੇ ਕੋਈ ਹੋਰ ਵਿਅਕਤੀ ਕੁਝ ਜਾਣਕਾਰੀ ਲੈਣਾ ਚਾਹੁੰਦਾ ਹੋਵੇ ਤਾਂ ਲੈ ਸਕਦਾ ਹੈ। ਪਰ ਕਿਸੇ ਨੇ ਵੀ ਕੁਝ ਜਾਣਕਾਰੀ ਨਹੀਂ ਮੰਗੀ। ਇਸ ਤੋਂ ਪਿੱਛੋਂ ਉਹਨਾਂ ਨੇ ਹਾਜਰ ਲੋਕਾਂ ਨੂੰ ਕਿਹਾ ਕਿ ਉਹ ਵਿਅਕਤੀ ਹੱਥ ਖੜੇ ਕਰਨ ਜੋ ਕੰਪਨੀ ਦੀ ਵਿਸਤਾਰ ਯੋਜਨਾ ਦਾ ਸਮਰਥਨ ਕਰਦੇ ਹਨ । ਇਸ ਦੇ ਹੁੰਗਾਰੇ ਵਜੋਂ ਮੌਜੂਦ ਲੋਕਾਂ ਵਿੱਚੋ ਲਗਭਗ ਸਾਰੇ ਲੋਕਾਂ ਨੇ ਪ੍ਰਸਤਾਵਤ ਯੋਜਨਾ ਦੇ ਹੱਕ ਵਿੱਚ ਹੱਥ ਉਠਾ ਕੇ ਪੁਸ਼ਟੀ ਕੀਤੀ । ਉਸ ਤੋ ਬਾਅਦ ਇਹ ਕਿਹਾ ਗਿਆ ਕਿ ਜੋ ਇਹ ਪ੍ਰਸਤਾਵ ਕਰਨ ਦੇ ਹੱਕ ਵਿੱਚ ਨਹੀ ਹਨ ਉਹ ਹੱਥ ਖੜੇ ਕਰਨ, ਪ੍ਰੰਤੂ ਕਿਸੇ ਵੀ ਵਿਅਕਤੀ ਨੇ ਹੱਥ ਖੜਾ ਨਹੀ ਕੀਤਾ । ਇਸ ਪਬਲਿਕ ਹੀਰਿੰਗ ਵਿੱਚ 172 ਬੰਦਿਆਂ ਨੇ ਹਿੱਸਾ ਲਿਆ ।

ਜਨਤਕ ਸੁਣਵਾਈ ਦੇ ਸੁਪਰਵਾਈਜਰ-ਕਮ-ਪ੍ਰਜਾਈਡਿੰਗ ਅਫਸਰ ਵਲੋਂ ਉਥੇ ਹਾਜਰ ਲੋਕਾਂ ਦਾ ਆਪਣਾ ਕੀਮਤੀ ਸਮਾਂ ਦੇਣ ਲਈ ਅਤੇ ਸਬਰ ਬਣਾਏ ਰੱਖਣ ਲਈ ਧੰਨਵਾਦ ਕੀਤਾ ਗਿਆ ।

ਲੋਕ ਸੁਣਵਾਈ ਧੰਨਵਾਦ ਸਹਿਤ ਖਤਮ ਕੀਤੀ ਗਈ ।

| | | |
|---|---|---|
| **(ਰਾਮਜੀ ਦਾਸ)**<br>ਵਾਤਾਵਰਣ ਇੰਜੀਨੀਅਰ<br>ਪੰ.ਪ੍ਰ.ਰੋ.ਬੋ., ਖੇਤਰੀ ਦਫਤਰ,<br>ਫਰੀਦਕੋਟ | **(ਰਾਜ਼ੀਵ ਸ਼ਰਮਾਂ)**<br>ਵਾਤਾਵਰਣ ਇੰਜੀਨੀਅਰ (ਮੈਗਾ)<br>ਪੰ.ਪ੍ਰ.ਰੋ.ਬੋ. ਪਟਿਆਲਾ | **(ਵਿਮਲ ਕੁਮਾਰ ਸੇਤਿਆ)**<br>ਵਧੀਕ ਡਿਪਟੀ ਕਮਿਸ਼ਨਰ,<br>ਫਿਰੋਜ਼ਪੁਰ |